# ਵਿਸਰਾਮ ਚਿੰਨ੍ਹ

ਜਦੋਂ ਅਸੀਂ ਕੋਈ ਗੱਲ ਕਰਦੇ ਹਾਂ ਤਾਂ ਉਸ ਦਾ ਕੁੱਝ ਨਾ ਕੁੱਝ ਅਰਥ ਹੁੰਦਾ ਹੈ, ਬੋਲਣ ਵੇਲੇ ਜੋ ਉਤਰਾਓ-ਚੜ੍ਹਾਓ ਆਉਂਦੇ ਹਨ, ਉਹਨਾਂ ਨੂੰ ਲਿਖਤੀ ਰੂਪ ਵਿਚ ਅੰਕਿਤ ਕਰਨ ਲਈ ਕੁੱਝ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਵਿਸਰਾਮ ਚਿੰਨ੍ਹ ਆਖਦੇ ਹਨ।

ਵਿਆਕਰਨ ਵਿੱਚ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਵਾਕ ਹੁੰਦਾ ਹੈ। ਬਹੁਤ ਵਾਰੀ ਇੱਕ ਵਾਕ ਨੂੰ ਦੂਜੇ ਵਾਕ ਤੋਂ ਨਿਖੇੜਨ ਲਈ, ਭਾਵ ਸਪਸ਼ਟ ਕਰਨ ਲਈ, ਠਹਿਰਾਓ ਵਾਲੀਆਂ ਨਿਸ਼ਾਨੀਆਂ ਵਰਤੀਆਂ ਜਾਂਦੀਆਂ ਹਨ, ਇਨ੍ਹਾਂ ਨੂੰ ਵਿਸਰਾਮ ਚਿੰਨ ਕਿਹਾ ਜਾਂਦਾ ਹੈ। ਭਾਸ਼ਾ ਨੂੰ ਲਿਖਤੀ ਰੂਪ ਵਿੱਚ ਸਰਲ, ਠੀਕ ਅਤੇ ਸਪਸ਼ਟ ਢੰਗ ਨਾਲ਼ ਲਿਖਣ ਲਈ ਵਿਸਰਾਮ-ਚਿੰਨ੍ਹ ਬਹੁਤ ਮਹੱਤਵਪੂਰਨ ਹੁੰਦੇ ਹਨ। ਇਹਨਾਂ ਦੀ ਥਾਂ ਬਦਲਣ ਨਾਲ਼ ਵਾਕ ਦੀ ਸ਼ੁੱਧਤਾ ਅਤੇ ਅਰਥ ਵਿੱਚ ਤਬਦੀਲੀ ਆ ਜਾਂਦੀ ਹੈ। ਉਦਾਹਰਨ ਵਜੋਂ –

1. ਚੋਰ ਚੋਰ ਜਾਵੇ ਨਾ ਫੜੋ।
2. ਚੋਰ, ਚੋਰ, ਜਾਵੇ ਨਾ, ਫੜੋ।
3. ਚੋਰ ਚੋਰ ਜਾਵੇ, ਨਾ ਫੜੋ।

ਪਹਿਲਾਂ ਪੰਜਾਬੀ ਵਿੱਚ ਕੇਵਲ ਥੋੜ੍ਹੇ ਜਿਹੇ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਅੰਗਰੇਜ਼ੀ ਵਿਆਕਰਨ ਦੇ ਪ੍ਰਭਾਵ ਸਦਕੇ ਲਿਖਤ ਨੂੰ ਵਧੇਰੇ ਸਾਫ਼ ਤੇ ਸ਼ੁੱਧ ਬਣਾਉਣ ਲਈ ਹੇਠ ਲਿਖੇ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ –

1. ਡੰਡੀ (।)
2. ਪ੍ਰਸ਼ਨ-ਚਿੰਨ (?)
3. ਵਿਸਮਕ ਚਿੰਨ੍ਹ (!)
4. ਕਾਮਾ (,)
5. ਬਿੰਦੀ ਕਾਮਾ (;)
6. ਦੁਬਿੰਦੀ (:)
7. ਪੁੱਠੇ ਕਾਮੇ (" ")
8. ਬ੍ਰੈਕਟ ( )
9. ਬਿੰਦੀ (.)
10. ਛੁੱਟ-ਮਰੋੜੀ (')
11. ਡੈਸ਼ (—)
12. ਦੁਬਿੰਦੀ-ਡੈਸ਼ (:–)
13. ਜੋੜਨੀ (-)
14. ਮਸਾਵੀ (=)

Scanned by CamScanner